# ਭਗਤ ਨਾਮਦੇਵ - ਸਬਦ ੪੩

## ਹਸਤ ਖੇਲਤ ਤੇਰੇ ਦੇਹੁਰੇ ਆਇਆ ॥

### ਰਾਗੁ ਭੈਰਉ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੧੧੬੪

ਹਸਤ ਖੇਲਤ ਤੇਰੇ ਦੇਹੁਰੇ ਆਇਆ ॥

ਭਗਤਿ ਕਰਤ ਨਾਮਾ ਪਕਰਿ ਉਠਾਇਆ ॥੧॥

ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥

ਛੀਪੇ ਕੇ ਜਨਮਿ ਕਾਹੇ ਕਉ ਆਇਆ ॥੧॥ ਰਹਾਉ ॥

ਲੈ ਕਮਲੀ ਚਲਿਓ ਪਲਟਾਇ ॥

ਦੇਹੁਰੈ ਪਾਛੈ ਬੈਠਾ ਜਾਇ ॥੨॥

ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥

ਭਗਤ ਜਨਾਂ ਕਉ ਦੇਹੁਰਾ ਫਿਰੈ ॥੩॥੬॥

ਸਾਰ: ਰੂਹਾਨੀਅਤ ਇਕ ਅੰਤਰੀਵੀ ਯਾਤਰਾ ਹੈ ਜੋ ਸਾਨੂੰ ਸਾਡੇ ਸੱਚੇ ਸਰੂਪ ਅਤੇ ਅਤੇ ਸਮੂਹ ਜੀਵਨ ਪ੍ਰਣਾਲੀ ਨਾਲ ਅੰਤਰਸੰਬੰਧਿਤਾ ਬਾਰੇ ਬੋਧ ਕਰਵਾਉਂਦੀ ਹੈ। ਇਹ ਬਾਹਰੀ ਪਛਾਣਾਂ ਜਾਂ ਕਰਮਕਾਂਡੀ ਰਸਮਾਂ ਉਪਰ ਨਹੀਂ, ਸਗੋਂ ਜਾਗਰੂਕਤਾ, ਦਇਆ, ਇਮਾਨਦਾਰੀ ਅਤੇ ਅੰਦਰੂਨੀ ਸ਼ਾਂਤੀ ਉੱਤੇ ਮੌਲਦੀ ਹੈ। ਜਦੋਂ ਅਸੀਂ ਪਰੰਪਰਾਵਾਂ ਦੀਆਂ ਸੀਮਾਵਾਂ ਤੋਂ ਮੁਕਤ ਹੋ ਕੇ ਖੁਸ਼ੀ ਅਤੇ ਖੁੱਲ੍ਹੇ ਮਨ ਨਾਲ ਭਗਤੀ-ਭਾਵ ਵੱਲ ਵਧਦੇ ਹਾਂ, ਤਾਂ ਇਹ ਸੁਭਾਵਿਕ ਰੂਪ ਵਿਚ ਪਸਰਦੀ ਹੈ। ਸੱਚੀ ਰੂਹਾਨੀਅਤ ਸਮਾਜ ਅਧਾਰਿਤ ਪਛਾਣਾਂ ਜਾਂ ਭੂਮਿਕਾਵਾਂ ਦੀ ਬਜਾਏ ਸਾਡੇ ਅੰਦਰ ਵੱਸਦੇ ਸੱਚ ਉਪਰ ਨਿਰਭਰ ਕਰਦੀ ਹੈ। ਇਹ ਆਪਣੇ ਆਪ ਨੂੰ ਸਾਬਤ ਕਰਨ ਦੀ ਝੂਠੀ ਦੌੜ ਵਿਚ ਨਹੀਂ ਫਸਦੀ ਅਤੇ ਨਾ ਹੀ ਦੂਜਿਆਂ ਨਾਲ ਝੂਠੇ ਮੇਲ-ਮਿਲਾਪ ਦਾ ਬੋਝ ਆਪਣੇ ਸਿਰ ਚੁੱਕਦੀ ਹੈ। ਇਸ ਖੇਡ ਅੰਦਰ ਮਨ ਗ੍ਰਹਿਣਸ਼ੀਲ ਪ੍ਰਵਿਰਤੀ ਨੂੰ ਧਾਰਨ ਕਰਦਾ ਹੈ। ਜਿਸ ਕਾਰਣ ਦਇਆ ਦਾ ਪ੍ਰਵਾਹ ਆਪ ਮੁਹਾਰੇ ਫੁੱਟਦਾ ਹੈ ਅਤੇ ਪਵਿੱਤਰਤਾ ਸਾਡੇ ਰੋਜ਼ਮਰਾ ਜੀਵਨ ਵਿਚ ਸਦੀਵੀ ਘਰ ਕਰ ਲੈਂਦੀ ਹੈ।

ਹਸਤ ਖੇਲਤ ਤੇਰੇ ਦੇਹੁਰੇ ਆਇਆ ॥

ਹੱਸਦਿਆਂ-ਖੇਡਦਿਆਂ ਮੈਂ ਤੇਰੇ ਮੰਦਰ ਵਿਚ ਆ ਪਹੁੰਚਿਆ। ਇਹ ਭਾਵ ਕਰਮਕਾਂਡੀ ਰਸਮਾਂ ਅਤੇ ਪਛਾਣ ਦੀਆਂ ਸੀਮਾਵਾਂ ਤੋਂ ਮੁਕਤ ਅਨੰਦ ਭਰਪੂਰ ਰੂਹਾਨੀ ਰਵੱਈਏ ਨੂੰ ਦਰਸਾਉਂਦਾ ਹੈ।

ਭਗਤਿ ਕਰਤ ਨਾਮਾ ਪਕਰਿ ਉਠਾਇਆ ॥੧॥

ਨਾਮਦੇਵ ਜਦੋਂ ਭਗਤੀ ਵਿਚ ਲੀਨ ਸਨ, ਤਾਂ ਉਨ੍ਹਾਂ ਨੂੰ ਫੜ ਕੇ ਬਾਹਰ ਕੱਢ ਦਿੱਤਾ ਗਿਆ। ਇਹ ਇਤਿਹਾਸਕ ਬ੍ਰਿਤਾਂਤ ਉਸ ਭੇਦਭਾਵ ਨੂੰ ਦਰਸਾਉਂਦਾ ਹੈ ਜੋ ਸੱਚੀ ਰੂਹਾਨੀਅਤ ਦੀ ਥਾਂ ਕਠੋਰ ਅਤੇ ਵੱਖਵਾਦੀ ਧਾਰਮਿਕ ਤੇ ਸਮਾਜਿਕ ਨਿਯਮਾਂ ਨੂੰ ਪਹਿਲ ਦਿੰਦਾ ਹੈ। (੧)

ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥

ਹੇ ਸਰਬ-ਵਿਆਪਕ ਸਤਾ, ਮੇਰਾ ਸੰਬੰਧ ਉਸ ਵਰਗ ਨਾਲ ਹੈ ਜਿਸਨੂੰ ਸਮਾਜ ਵਿਚ ਹਾਸ਼ੀਏ 'ਤੇ ਰੱਖਿਆ ਹੋਇਆ ਹੈ। ਇਹ ਹਕੀਕਤ ਊਚ-ਨੀਚ ਦੇ ਕਲੰਕਿਤ ਉਹਨਾਂ ਜ਼ਖ਼ਮਾਂ ਨੂੰ ਉਜਾਗਰ ਕਰਦੀ ਹੈ ਜੋ ਹੀਨਤਾ ਅਤੇ ਅਯੋਗਤਾ ਦੀ ਭਾਵਨਾ ਨੂੰ ਜਨਮ ਦਿੰਦੇ ਹਨ ਅਤੇ ਏਕਤਾ ਤੇ ਮਨੁੱਖੀ ਮਾਣ-ਸਨਮਾਨ ਸਥਾਪਿਤ ਕਰਨ ਵਿਚ ਰੁਕਾਵਟ ਬਣਦੇ ਹਨ।

ਛੀਪੇ ਕੇ ਜਨਮਿ ਕਾਹੇ ਕਉ ਆਇਆ ॥੧॥ ਰਹਾਉ ॥

ਮੇਰਾ ਜਨਮ ਕੱਪੜੇ ‘ਤੇ ਛਾਪ ਲਾਉਣ ਵਾਲੀ ਨੀਵੀਂ ਜਾਤ ਦੇ ਪਰਿਵਾਰ ਵਿਚ ਕਿਉਂ ਹੋਇਆ? ਹੋਂਦ ਨਾਲ ਜੁੜਿਆ ਇਹ ਪ੍ਰਸ਼ਨ ਪਛਾਣ ਨਾਲ ਸੰਬੰਧਿਤ ਉਸ ਪੀੜ ਨੂੰ ਪ੍ਰਗਟ ਕਰਦਾ ਹੈ ਜਿਸ ਨੂੰ ਕਿਸਮਤ ਸਮਝਿਆ ਜਾਂਦਾ ਹੈ, ਪਰ ਅੰਤਰੀਵੀ ਸੱਚ ਜਨਮਜਾਤ ਲੱਗੇ ਇਨ੍ਹਾਂ ਮਾਰਕਿਆਂ ਨੂੰ ਸਵਿਕਾਰ ਨਹੀਂ ਕਰਦਾ। (੧)(ਠਹਿਰਾਉ)

ਲੈ ਕਮਲੀ ਚਲਿਓ ਪਲਟਾਇ ॥

ਆਪਣਾ ਕੰਬਲ ਚੁੱਕ, ਮੈਂ ਮੁੜ ਵਾਪਸ ਚੱਲ ਪਿਆ। ਇਹ ਭਾਵ ਲੋਕ-ਪ੍ਰਵਾਨਗੀ ਦੀ ਇੱਛਾ ਤੋਂ ਪਿੱਛੇ ਹਟ ਕੇ ਸਾਦਗੀ ਅਤੇ ਪ੍ਰਮਾਣਿਕਤਾ ਦੇ ਮਾਰਗ ਨੂੰ ਅਪਣਾਉਣ ਵੱਲ ਸੰਕੇਤ ਕਰਦਾ ਹੈ।

ਦੇਹੁਰੈ ਪਾਛੈ ਬੈਠਾ ਜਾਇ ॥੨॥

ਮੈਂ ਜਾ ਕੇ ਮੰਦਰ ਦੇ ਪਿੱਛੇ ਬੈਠ ਗਿਆ। ਇਹ ਭਾਵ ਦਰਸਾਉਂਦਾ ਹੈ ਕਿ ਸਾਧਕ ਬਾਹਰੀ ਸਤਾ ਦੀਆਂ ਹੱਦਬੰਦੀਆਂ ਤੋਂ ਮੁਕਤ ਹੋ ਆਪਣਾ ਸੰਬੰਧ ਦਿਵਯਤਾ ਨਾਲ ਜੋੜੀ ਰੱਖਦਾ ਹੈ। (੨)

ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥

ਜਿਉਂ-ਜਿਉਂ ਨਾਮਦੇਵ ਸਰਬ-ਵਿਆਪਕ ਸਤਾ ਦੇ ਗੁਣਾਂ ਦਾ ਵਰਣਨ ਕਰਦੇ ਗਏ। ਇਹ ਭਾਵ ਦਰਸਾਉਂਦਾ ਹੈ ਕਿ ਚਿੰਤਨ ਸਾਡੀ ਪਛਾਣ ਦੀ ਸੂਝ ਨੂੰ ਮੁੜ ਤ੍ਰਾਸ਼ਦਾ ਹੈ, ਅਤੇ ਇਸ ਨੂੰ ਸ੍ਰਿਸ਼ਟੀ ਵਿਚਲੀ ਪਸਰੀ ਏਕਮਤਾ ਦੀ ਭਾਵਨਾ ਵਿਚ ਬਦਲ ਦਿੰਦਾ ਹੈ।

ਭਗਤ ਜਨਾਂ ਕਉ ਦੇਹੁਰਾ ਫਿਰੈ ॥੩॥੬॥

ਭਗਤ ਦੀ ਖਾਤਿਰ ਮੰਦਰ ਆਪਣੀ ਥਾਂ ਤੋਂ ਫਿਰ ਗਿਆ। ਇਹ ਦ੍ਰਿਸ਼ਟਾਂਤ ਧਾਰਨਾਵਾਂ ਵਿਚਲੇ ਬਦਲਾਵ ਨੂੰ ਦਰਸਾਉਂਦਾ ਹੈ, ਜਿਸ ਵਿਚ ਸਾਧਕ ਮਹਿਸੂਸ ਕਰਦਾ ਹੈ ਕਿ ਦਿਵਯਤਾ ਆਪ ਮੁਹਾਰੇ ਉਨ੍ਹਾਂ ਵੱਲ ਹੋ ਤੁਰਦੀ ਹੈ ਜਿਹੜੇ ਅੰਤਰੀਵੀ ਇਕਸੁਰਤਾ ਅਤੇ ਪਿਆਰ ਵਿਚ ਭਿੱਜ ਜਾਂਦੇ ਹਨ। (੩)(੬)

ਤੱਤ: ਭਗਤ ਨਾਮਦੇਵ ਦਲੀਲ ਨਾਲ ਇਹ ਸਮਝਾਉਂਦੇ ਹਨ ਕਿ ਵਿਸ਼ਵਵਿਆਪੀ ਹਕੀਕਤ ਜਟਿਲ ਢਾਂਚਿਆਂ ਵਿਚ ਨਹੀਂ ਸਗੋਂ ਮਨੁੱਖੀ ਅੰਤਰ-ਆਤਮਾ ਵਿਚ ਵੱਸਦੀ ਹੈ। ਪੁਜਾਰੀ ਸ਼੍ਰੇਣੀ ਦੁਆਰਾ ਮੰਦਰ ਤੋਂ ਜ਼ਬਰਦਸਤੀ ਕੱਢੇ ਜਾਣ ਦਾ ਉਨ੍ਹਾਂ ਦਾ ਅਨੁਭਵ ਸਮਾਜਿਕ ਅਲਹਿਦਗੀ ਦੀਆਂ ਦਰਦਨਾਕ ਹਕੀਕਤਾਂ ਅਤੇ ਸਹਿਹੋਂਦ ਦੀ ਜ਼ਰੂਰਤ ਨੂੰ ਉਜਾਗਰ ਕਰਦਾ ਹੈ। ਮੰਦਰ ਦਾ ਸ਼ਰਧਾਲੂ ਵੱਲ ਮੁੜ ਜਾਣ ਦਾ ਇਹ ਦ੍ਰਿਸ਼ਟਾਂਤ ਰਵਾਇਤੀ ਵਿਸ਼ਵਾਸਾਂ ਨੂੰ ਚੁਣੌਤੀ ਦਿੰਦਾ ਹੈ: ਦੈਵੀਤਵ ਦੀ ਪਦਵੀ ਕਿਸੇ ਇਕ ਵਿਅਕਤੀ ਕੋਲੋਂ ਪ੍ਰਾਪਤ ਨਹੀਂ ਹੁੰਦੀ ਬਲਕਿ ਸੱਚੇ ਇਰਾਦਿਆਂ ਰਾਹੀਂ ਪ੍ਰਗਟ ਹੁੰਦੀ ਹੈ। ਇਹ ਸੂਝ ਇਸ ਤੱਥ ਨੂੰ ਵਧੇਰੇ ਤਵੱਜੋ ਦਿੰਦੀ ਹੈ ਕਿ ਵਿਸ਼ਵਵਿਆਪੀ ਚੇਤਨਾ ਅਸੀਮ ਹੈ ਅਤੇ ਉਨ੍ਹਾਂ ਵਿਚ ਪ੍ਰਫੁੱਲਤ ਹੁੰਦੀ ਹੈ ਜੋ ਸੱਚਾਈ ਅਤੇ ਨਿਮਰਤਾ ਨੂੰ ਮੂਰਤੀਮਾਨ ਕਰਦੇ ਹਨ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**